Education
Public Schools

## Safe Bus Travel




## ਸੜਕਾਂ ‘ਤੇ ਸੁਰੱਖਿਅਤ ਰਹਿਣ ਸਬੰਧਿਤ ਜਾਣਕਾਰੀ

**ਸਕੂਲੋਂ ਆਉਣ ਜਾਣ ਲਈ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਤੁਸੀਂ ਆਪ ਜ਼ਿੰਮੇਵਾਰ ਹੁੰਦੇ ਹੋ।**

# ਸੁਰੱਖਿਅਤ ਬੱਸ ਸਫਰ

ਬੱਸ ਤੋਂ ਉਤਰਨ ਬਾਦ ਬੱਚੇ ਨੂੰ ਸਭ ਤੋਂ ਵੱਧ ਖਤਰਾ ਹੁੰਦਾ ਹੈ।

**ਖਤਰਾ ਘਟਾਉਣ ਲਈ:**

- ਬੱਚਿਆਂ ਨੂੰ ਬੱਸ ਅੱਡੇ ‘ਤੇ ਹੀ ਮਿਲੋ – ਨਾਂ ਕਿ ਸੜਕ ਦੇ ਦੂਜੇ ਪਾਸੇ
- ਬੱਸ ਅੱਡੇ ‘ਤੇ ਅਪਣੇ ਬੱਚਿਆਂ ਦੇ ਹੱਥ ਫੜ ਕੇ ਰੱਖੋ
- ਬੱਸ ਅੱਡੇ ‘ਤੇ ਉਡੀਕ ਕਰਣ ਸਮੇਂ ਸੜਕ ਦੇ ਕੰਡੇ ਤੋਂ ਕੁੱਝ ਕਦਮ ਪਿਛੇ ਖਲੋਵੋ
- ਬੱਸ ਦੇ ਚਲੇ ਜਾਣ ਤੱਕ ਉਡੀਕੋ, ਅਤੇ ਬਾਦ ਵਿੱਚ ਸੜਕ ਪਾਰ ਕਰਨ ਲਈ ਕਿਸੇ ਸੁਰੱਖਿਅਤ ਜਗ੍ਹਾ ਨੂੰ ਚੁਣੋ।

**ਬੱਚਿਆਂ ਨੂੰ ਕਿਸੇ ਸੁਰੱਖਿਅਤ ਜਗ੍ਹਾ ਲੱਭਣ ਵਿੱਚ ਮਦਦ ਕਰੋ ਜਿਵੇਂ ਕਿ:**

- ਪੈਦਲ ਚੱਲਣ ਵਾਲਿਆ ਲਈ ਕਰੌਸਿੰਗ ਜਾਂ ਟ੍ਰੈਫ਼ਿੱਕ ਲਾਈਟਾਂ, ਜੇ ਉਪਲਬਧ ਹੋਣ
- ਸੜਕ ਦੇ ਇੱਕ ਸਾਫ ਭਾਗ ‘ਤੇ ਜਿਥੇ ਉਹ ਸਾਰੀ ਆਵਾਜਾਈ ਵੇਖ ਸੱਕਣ।

ਜੇ ਤੁਸੀਂ ਆਪਣੇ ਬੱਚਿਆਂ ਦੇ ਨਾਲ ਆਪ ਨਹੀਂ ਹੋ ਸਕਦੇ, ਤਾਂ ਬੱਸ ਅੱਡੇ ‘ਤੇ ਕਿਸੇ ਭਰੋਸੇਯੋਗ ਬਾਲਗ ਦਾ ਉਨ੍ਹਾਂ ਨੂੰ ਮਿਲਣ ਦਾ ਪ੍ਰਬੰਧ ਕਰੋ।




**ਵਧੇਰੇ ਸਮਰਥਨ ਲਈ**

ਮਹਿਕਮੇ ਦੇ ਰੋਡ ਸੇਫਟੀ ਐਡੂਕੇਸ਼ਨ ਪ੍ਰੋਗਰਾਮ ਲਈ ਇਥੇ ਵੇਖੋ https://education.nsw.gov.au/road-safety-education ਜਾਂ ਵੇਖੋ https://education.nsw.gov.au ਅਤੇ ਸੜਕ ਸਬੰਧੀ ਸਿਖਿਆ ਬਾਰੇ ਖੋਜ ਕਰੋ।